# ਵਿਕਟੋਰੀਆ ਦੇ 11 ਬਾਲ ਸੁਰੱਖਿਆ ਮਿਆਰ

## ਵਿਕਟੋਰੀਆ ਦੇ ਬਾਲ ਸੁਰੱਖਿਆ ਮਿਆਰਾਂ ਨੂੰ ਸਮਝਣਾ

ਬਾਲ ਸੁਰੱਖਿਆ ਮਿਆਰ (ਮਿਆਰ) ਜਨਵਰੀ 2016 ਵਿੱਚ ਵਿਕਟੋਰੀਆ ਵਿੱਚ ਸ਼ੁਰੂ ਹੋਏ ਸਨ। ਤਦ ਤੋਂ ਲੈ ਕੇ, ਅਸੀਂ ਵੇਖਿਆ ਹੈ ਕਿ ਮਿਆਰਾਂ ਨੇ ਕਿਵੇਂ ਬੱਚਿਆਂ ਅਤੇ ਨੌਜਵਾਨਾਂ ਲਈ ਸੁਰੱਖਿਆ ਵਿੱਚ ਸੁਧਾਰ ਕੀਤਾ ਹੈ।

2022 ਅਤੇ 2023 ਵਿੱਚ ਹੋਈਆਂ ਤਬਦੀਲੀਆਂ ਨੇ ਸਾਡੇ ਮਿਆਰਾਂ ਨੂੰ ਹੋਰ ਵੀ ਮਜ਼ਬੂਤ ਬਣਾਇਆ ਹੈ।

1 ਜੁਲਾਈ 2022 ਤੋਂ ਲੈ ਕੇ, ਮਿਆਰਾਂ ਦੇ ਅਧੀਨ ਆਉਂਦੀਆਂ[1] ਸੰਸਥਾਵਾਂ ਨੂੰ 11 ਨਵੇਂ ਮਿਆਰਾਂ ਦੀ ਤਾਮੀਲ ਕਰਨੀ ਪਈ ਹੈ।

11 ਮਿਆਰ ਘੱਟੋ ਘੱਟ ਲੋੜਾਂ ਨਿਰਧਾਰਤ ਕਰਦੇ ਹਨ, ਅਤੇ ਉਹਨਾਂ ਕਾਰਵਾਈਆਂ ਦੀ ਰੂਪ ਰੇਖਾ ਤਿਆਰ ਕਰਦੇ ਹਨ, ਜੋ ਸੰਸਥਾਵਾਂ ਦੁਆਰਾ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਕੀਤੀਆਂ ਜਾਣੀਆਂ ਲਾਜ਼ਮੀ ਹਨ।

ਮਿਆਰ ਸੰਸਥਾਵਾਂ ਲਈ ਵਧੇਰੇ ਸਪੱਸ਼ਟਤਾ ਪ੍ਰਦਾਨ ਕਰਦੇ ਹਨ ਅਤੇ ਬਾਕੀ ਆਸਟ੍ਰੇਲੀਆ ਵਿੱਚ ਮਿਆਰਾਂ ਦੇ ਵਧੇਰੇ ਅਨੁਕੂਲ ਹਨ।

11 ਮਿਆਰਾਂ ਵਿੱਚ ਵਿਸ਼ੇਸ਼ ਲੋੜਾਂ ਸ਼ਾਮਲ ਹਨ:

- ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਸੰਸਥਾਵਾਂ ਦੀਆਂ ਕੋਸ਼ਿਸ਼ਾਂ ਵਿੱਚ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸ਼ਾਮਲ ਕਰਨਾ
- ਆਦਿਵਾਸੀ (ਐਬੋਰਿਜਨਲ) ਬੱਚਿਆਂ ਅਤੇ ਨੌਜਵਾਨਾਂ ਵਾਸਤੇ ਸੁਰੱਖਿਆ ਉੱਤੇ ਵਧੇਰੇ ਧਿਆਨ ਕੇਂਦਰਿਤ ਕਰਨਾ
- ਔਨਲਾਈਨ ਵਾਤਾਵਰਣਾਂ ਵਿੱਚ ਬਾਲ ਸ਼ੋਸ਼ਣ ਦੇ ਖਤਰੇ ਦਾ ਪ੍ਰਬੰਧ ਕਰਨਾ
- ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਸ਼ਾਸਨ, ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਦੇ ਸਬੰਧ ਵਿੱਚ।

## ਸੰਸਥਾਵਾਂ ਨੂੰ ਕੀ ਕਰਨ ਦੀ ਲੋੜ ਹੈ?

### ਸੰਸਥਾਵਾਂ ਨੂੰ ਲਾਜ਼ਮੀ ਤੌਰ 'ਤੇ 11 ਮਿਆਰਾਂ ਦੀ ਪਾਲਣਾ ਕਰਨੀ ਚਾਹੀਦੀ ਹੈ

ਸੰਸਥਾਵਾਂ ਨੂੰ ਮਿਆਰਾਂ ਨੂੰ ਸਮਝਣ ਵਿੱਚ ਅਤੇ ਇਹਨਾਂ ਨੂੰ ਲਾਗੂ ਕਰਨ ਵਿੱਚ ਸੰਸਥਾਵਾਂ ਦੀ ਸਹਾਇਤਾ ਕਰਨ ਲਈ ਕਮਿਸ਼ਨ ਕੋਲ ਸਾਡੀ ਵੈੱਬਸਾਈਟ 'ਤੇ ਬਹੁਤ ਸਾਰੇ ਸਰੋਤ ਉਪਲਬਧ ਹਨ।

ਜਦੋਂ ਕਮਿਸ਼ਨ ਸੰਸਥਾਵਾਂ ਨੂੰ ਨਵੇਂ ਮਿਆਰਾਂ ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਨ ਲਈ ਨਵੀਂ ਜਾਣਕਾਰੀ ਅਤੇ ਮਾਰਗਦਰਸ਼ਨ ਜਾਰੀ ਕਰਦਾ ਹੈ ਤਾਂ ਅਸੀਂ ਤੁਹਾਨੂੰ ਈਮੇਲ ਭੇਜੇ ਜਾਣ ਲਈ ਇੱਥੇ ਨਾਮ ਦਰਜ ਕਰਵਾਉਣ ਵਾਸਤੇ ਵੀ ਉਤਸ਼ਾਹਤ ਕਰਾਂਗੇ।

ਕਮਿਸ਼ਨ ਕੋਲ ਉਸ ਸਥਿਤੀ ਵਿੱਚ ਕਾਰਵਾਈ ਕਰਨ ਦੀਆਂ ਸ਼ਕਤੀਆਂ ਹਨ ਜਿੱਥੇ ਕੋਈ ਸੰਸਥਾ ਮਿਆਰਾਂ ਦੀ ਪਾਲਣਾ ਨਹੀਂ ਕਰ ਸਕਦੀ ਹੈ।

[1] 'ਸਬੰਧਿਤ ਇਕਾਈਆਂ' ਦੇ ਸਾਰੇ ਹਵਾਲਿਆਂ ਨੂੰ ਇਸ ਦਸਤਾਵੇਜ਼ ਵਿੱਚ ਪਹੁੰਚ ਯੋਗਤਾ ਦੇ ਕਾਰਨਾਂ ਕਰਕੇ 'ਸੰਸਥਾ/ਵਾਂ' ਨਾਲ ਬਦਲ ਦਿੱਤਾ ਗਿਆ ਹੈ। ਸਬੰਧਿਤ ਇਕਾਈ ਨੂੰ *ਬਾਲ ਭਲਾਈ ਅਤੇ ਸੁਰੱਖਿਆ ਕਾਨੂੰਨ 2005* ਦੀ ਧਾਰਾ 3(1) ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਉਹ ਇਕਾਈਆਂ ਸ਼ਾਮਲ ਹਨ ਜੋ ਬਾਲ ਸੁਰੱਖਿਆ ਮਿਆਰਾਂ ਦੇ ਅਧੀਨ ਹਨ।


1300 782 978
contact@ccyp.vic.gov.au
ਆਖਰੀ ਵਾਰ ਨਵੀਨੀਕਰਨ ਕੀਤਾ ਗਿਆ: 30 ਜਨਵਰੀ 2023

## ਸਹਾਇਤਾ ਕਿੱਥੋਂ ਲੈਣੀ ਹੈ

ਬਾਲ ਸੁਰੱਖਿਆ ਮਿਆਰ ਅਧਿਨਿਯਮਕ (ਰੈਗੂਲੇਟਰ) ਅਤੇ ਵਕਾਲਤੀ ਸਮੂਹ (ਪੀਕ ਬਾਡੀ) ਜਾਂ ਉਦਯੋਗ ਸੰਸਥਾਵਾਂ ਨਵੇਂ ਮਿਆਰਾਂ ਦੀ ਪਾਲਣਾ ਕਰਨ ਵਿੱਚ ਸੰਸਥਾਵਾਂ ਦੀ ਸਹਾਇਤਾ ਕਰਨ ਲਈ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਹੋ ਸਕਦੀਆਂ ਹਨ। ਵੱਖ-ਵੱਖ ਬਾਲ ਸੁਰੱਖਿਆ ਮਿਆਰਾਂ ਦੇ ਅਧਿਨਿਯਮਕਾਂ (ਰੈਗੂਲੇਟਰਾਂ) ਦੀ ਇੱਕ ਝਲਕ ਕਮਿਸ਼ਨ ਦੀ ਵੈੱਬਸਾਈਟ 'ਤੇ ਪ੍ਰਦਾਨ ਕੀਤੀ ਗਈ ਹੈ।

ਤੁਸੀਂ ਸਵਾਲਾਂ ਜਾਂ ਪੁੱਛਾਂ-ਗਿੱਛਾਂ ਲਈ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ:

- ਟੈਲੀਫ਼ੋਨ: 1300 782 978
- ਈਮੇਲ: contact@ccyp.vic.gov.au
- ਕਮਿਸ਼ਨ ਦੀ ਵੈੱਬਸਾਈਟ 'ਤੇ ਜਾਓ: www.ccyp.vic.gov.au

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ 13 14 50 ਉੱਤੇ ਫ਼ੋਨ ਕਰੋ ਅਤੇ ਉਹਨਾਂ ਨੂੰ 1300 782 978 ਉੱਤੇ ਬੱਚਿਆਂ ਅਤੇ ਨੌਜਵਾਨਾਂ ਲਈ ਕਮਿਸ਼ਨ ਨਾਲ ਸੰਪਰਕ ਕਰਵਾਉਣ ਲਈ ਕਹੋ।

ਜੇ ਤੁਸੀਂ ਬੋਲ਼ੇ ਹੋ, ਜਾਂ ਜੇ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਕੋਈ ਵਿਕਾਰ ਹੈ, ਤਾਂ ਨੈਸ਼ਨਲ ਰੀਲੇਅ ਸਰਵਿਸ ਰਾਹੀਂ ਸਾਡੇ ਨਾਲ ਸੰਪਰਕ ਕਰੋ। ਵਧੇਰੇ ਜਾਣਕਾਰੀ ਲਈ, ਵੇਖੋ: www.relayservice.gov.au